BRAMPTON Flower City
brampton.ca

media release

19 ਜਨਵਰੀ, 2018

# ਡਾਉਨਟਾਉਨ ਬ੍ਰੈਂਪਟਨ ਇੱਕ ਰੋਮਾਂਚਕ ਪਰਿਵਰਤਨ ਲਈ ਤਿਆਰ ਹੈ

***ਸਟ੍ਰੀਟਸਕੇਪਿੰਗ ਪ੍ਰੋਜੈਕਟ ਨੂੰ ਮੰਤਰਾਲੇ ਦੀ ਮਨਜ਼ੂਰੀ ਮਿਲੀ***

ਬ੍ਰੈਂਪਟਨ, ਓਨਟੈਰੀਓ – ਬਹੁਤ ਵਧੀਆ ਕੰਮ ਹੋ ਰਹੇ ਹਨ। ਸਿਟੀ ਆਫ ਬ੍ਰੈਂਪਟਨ (City of Brampton) ਨੂੰ ਡਾਉਨਟਾਉਨ ਸਟ੍ਰੀਟਸਕੇਪਿੰਗ ਐਨਵਾਇਰਨਮੈਂਟਲ ਅਸੈਸਮੈਂਟ (Downtown Brampton Streetscaping Environmental Assessment), ਜਿਸਨੂੰ ਡਾਉਨਟਾਉਨ ਰੀਇਮੈਜਨਿਡ (ਪੁਨਰਵਿਚਾਰਿਤ) (Downtown Reimagined) ਵੀ ਕਿਹਾ ਜਾਂਦਾ ਹੈ, ਪ੍ਰੋਜੈਕਟ ਲਈ ਐਨਵਾਇਰਮੈਂਟ ਐਂਡ ਕਲਾਈਮੇਟ ਚੇਂਜ (ਵਾਤਾਵਰਨ ਅਤੇ ਜਲਵਾਯੂ ਪਰਿਵਰਤਨ) ਮੰਤਰਾਲੇ ਤੋਂ ਮਨਜ਼ੂਰੀ ਪ੍ਰਾਪਤ ਹੋਈ। ਇਸ ਫ਼ੈਸਲੇ ਨਾਲ, ਸਿਟੀ ਸਟ੍ਰੀਟਸਕੇਪਿੰਗ ਅਤੇ ਐਨਵਾਇਰਨਮੈਂਟਲ ਅਸੈਸਮੈਂਟ ਦੇ ਮੁਤਾਬਕ ਤਰਜੀਹੀ ਕ੍ਰੌਸ-ਸੈਕਸ਼ਨ ਦੇ ਕੰਮ ਲਈ ਡਿਜ਼ਾਈਨ ਦੇ ਚਰਨ ਦੇ ਸਮੇਂ ਨਾਲ ਅੱਗੇ ਵਧੇਗਾ, ਪਰੰਤੂ ਇੱਕ ਸ਼ਰਤ ਨਾਲ ਕਿ ਕੋਈ ਵੀ ਲੋਡਿੰਗ ਜ਼ੋਨ ਜਾਂ ਪਹੁੰਚਯੋਗ ਪਾਰਕਿੰਗ ਥਾਵਾਂ ਉੱਥੇ ਸਥਾਪਤ ਕੀਤੀਆਂ ਜਾਣਗੀਆਂ, ਜਿੱਥੇ ਸੰਭਵ ਹੋਵੇਗਾ ਅਤੇ ਇਹ ਸਾਈਕਲ ਲੇਨਸ ਵਿੱਚ ਰੁਕਾਵਟ ਨਹੀਂ ਬਣਨਗੀਆਂ।

ਆਉਣ ਵਾਲੇ ਮਹੀਨਿਆਂ ਵਿੱਚ, ਜਿਵੇਂ-ਜਿਵੇਂ ਡਿਜ਼ਾਈਨ ਦੇ ਚਰਨ ਦਾ ਸਮਾਂ ਅੱਗੇ ਵਧੇਗਾ, ਸਟੇਕਹੋਲਡਰਾਂ ਨੂੰ ਡਿਜ਼ਾਈਨ ਦੇ "ਦੇਖੋ ਅਤੇ ਮਹਿਸੂਸ ਕਰੋ" ਦੇ ਵੇਰਵੇ ਪੇਸ਼ ਕੀਤੇ ਜਾਣਗੇ ਅਤੇ ਉਹਨਾਂ ਨੂੰ ਫੀਡਬੈਕ ਮੁਹੱਈਆ ਕਰਨ ਦਾ ਮੌਕਾ ਦਿੱਤਾ ਜਾਏਗਾ। ਡਾਉਨਟਾਉਨ ਰੀਇਮੈਜਨਿਡ (ਪੁਨਰਵਿਚਾਰਿਤ) ਦਾ ਮਕਸਦ ਸਾਖ ਨੂੰ ਵਧਾਉਣ ਲਈ ਸੁਹਜਾਤਮਿਕ ਤੌਰ 'ਤੇ ਸੁੰਦਰ ਵਾਤਾਵਰਨ ਪੈਦਾ ਕਰਨਾ ਅਤੇ ਡਾਉਨਟਾਉਨ ਨੂੰ ਮੁੜ ਸ਼ਕਤੀਸ਼ਾਲੀ ਬਣਾਉਣ ਦੇ ਪ੍ਰਤੀ ਸੁਚੇਤ ਕਰਨਾ ਹੈ। ਪ੍ਰੋਜੈਕਟ ਦੇ ਮੁੱਖ ਉਦੇਸ਼ ਇਹ ਹਨ:

- ਅਜਿਹੀ ਸਟ੍ਰੀਟ ਬਣਾਉਣਾ, ਜੋ ਡਾਉਨਟਾਉਨ ਵਿੱਚ ਸੈਰ ਕਰਨ ਦੀ ਸਮਰੱਥਾ ਅਤੇ ਪੈਦਲ ਯਾਤਰੀਆਂ ਦੀ ਸਮਰੱਥਾ ਦਾ ਲਾਭ ਉਠਾਏ
- ਇਹਨਾਂ ਸਟ੍ਰੀਟਸ ਨੂੰ ਕਿਰਿਆਸ਼ੀਲ ਬਣਾਉਣਾ ਅਤੇ ਮੰਜ਼ਲ ਬਣਨ ਵਾਲੀ ਥਾਂ ਬਣਨਾ
- ਪੈਦਲ ਯਾਤਰੀਆਂ, ਸਾਈਕਲ ਅਤੇ ਮੋਟਰ ਵਾਹਨ ਚਲਾਉਣ ਵਾਲਿਆਂ, ਸਾਰਿਆਂ ਨੂੰ ਇੱਕ ਸੁਰੱਖਿਅਤ ਅਤੇ ਸਥਾਈ ਢੰਗ ਨਾਲ ਇਕੱਠੇ ਲਿਆਉਣਾ
- ਸਹੂਲਤਾਂ ਨੂੰ ਵਧਾਉਣਾ ਅਤੇ ਜਨਤਕ ਖੇਤਰ ਦੀ ਕਾਇਆ ਪਲਟ ਕਰਨਾ

ਡਾਉਨਟਾਉਨ ਰੀਇਮੈਜਨਿਡ (ਪੁਨਰਵਿਚਾਰਿਤ) ਪ੍ਰੋਜੈਕਟ ਦੀ ਜ਼ਿੰਮੇਵਾਰੀ ਰੀਜਨ ਆਫ ਪੀਲ (Region of Peel) ਦੇ ਡਾਉਨਟਾਉਨ ਬ੍ਰੈਂਪਟਨ ਕੈਪੀਟਲ ਪ੍ਰੋਜੈਕਟ ਫੇਜ 1 ਦੇ ਸਹਿਯੋਗ ਵਿੱਚ ਲਈ ਜਾ ਰਹੀ ਹੈ, ਇਹ ਇੱਕ ਬਹੁ-ਸਾਲਾ ਪ੍ਰੋਜੈਕਟ ਹੈ, ਜੋ ਡਾਉਨਟਾਉਨ ਦੇ ਕੇਂਦਰ ਵਿੱਚ ਨਵੀਆਂ ਜਲ ਪ੍ਰਣਾਲੀਆਂ ਅਤੇ ਨਿਰੋਗਤਾ ਸਬੰਧੀ ਸੀਵਰਾਂ ਨੂੰ ਬਹਾਲ ਕਰਕੇ ਜਾਂ ਬਦਲ ਕੇ ਪੁਰਾਣੇ ਇੰਫਰਾਸਟ੍ਰਕਚਰ ਨੂੰ ਬਦਲੇਗਾ। ਪ੍ਰੋਜੈਕਟ ਦਾ ਨਿਰਮਾਣ 2018 ਦੀ ਪਤਝੜ ਦੀ ਰੁੱਤ ਵਿੱਚ ਸ਼ੁਰੂ ਹੋਣ ਦਾ ਅਨੁਮਾਨ ਹੈ।

ਪਿਛਲੇ ਸਾਲ ਵਿੱਚ, ਪ੍ਰੋਜੈਕਟ ਲਈ ਕਈ ਜਾਂਚ ਸਬੰਧੀ ਗਤੀਵਿਧੀਆਂ ਹੋਈਆਂ ਹਨ। ਇਸ ਵਿੱਚ ਪ੍ਰੀ-ਇੰਜੀਨੀਅਰਿੰਗ, ਭਿੰਨ-ਭਿੰਨ ਜਨ-ਉਪਯੋਗੀ ਸੇਵਾਵਾਂ ਦੇ ਨਾਲ ਤਾਲਮੇਲ ਕਰਨਾ ਅਤੇ ਡਾਉਨਟਾਉਨ ਦੇ ਕਾਰੋਬਾਰੀਆਂ ਲਈ ਅੰਬੈਸਡਰ ਪ੍ਰੋਗਰਾਮ ਦੀ ਸ਼ੁਰੂਆਤ ਕਰਨਾ ਸ਼ਾਮਲ ਹੈ।

ਸਿਟੀ ਆਫ ਬ੍ਰੈਂਪਟਨ ਅਤੇ ਰੀਜਨ ਆਫ ਪੀਲ ਵਿਘਨ ਨੂੰ ਘੱਟ ਕਰਨ ਲਈ ਅਤੇ ਉਸਾਰੀ ਦੇ ਦੌਰਾਨ ਟ੍ਰੈਫਿਕ ਅਤੇ ਪੈਦਲ ਯਾਤਰੀਆਂ ਨੂੰ ਸੁਰੱਖਿਅਤ ਰੂਪ ਨਾਲ ਛੱਡਣ ਨੂੰ ਯਕੀਨੀ ਬਣਾਉਣ ਲਈ ਸਾਰੇ ਸਟੇਕਹੋਲਡਰਾਂ ਦੇ ਨਾਲ ਕੰਮ ਕਰਨ ਲਈ ਵਚਨਬੱਧ ਹਨ। ਜਾਣਕਾਰੀ ਲਈ

www.peelregion.ca/downtownbrampton, www.brampton.ca/downtownstreetscaping 'ਤੇ ਜਾਓ ਜਾਂ 15 ਕਵੀਨ ਸਟ੍ਰੀਟ ਵੈਸਟ (15 Queen St. W.) ਵਿਖੇ ਡਾਉਨਟਾਉਨ ਰੀਇਮੈਜਨਿਡ (ਪੁਨਰਵਿਚਾਰਿਤ) ਸਟੋਰ 'ਤੇ ਜਾਓ।

-30-

**ਬ੍ਰੈਂਪਟਨ ਵੱਡਾ ਸੋਚ ਰਿਹਾ ਹੈ।** ਅਸੀਂ ਪੂਰੀ ਇਕਾਗਰਤਾ ਦੇ ਨਾਲ ਭਵਿੱਖ ਲਈ ਤਿਆਰ ਸੰਗਠਨ ਹਾਂ। ਅਸੀਂ ਜਾਣਦੇ ਹਾਂ ਕਿ ਸਾਡੇ ਭਾਈਚਾਰੇ ਵਿੱਚ ਵਾਧਾ, ਨੌਜਵਾਨ ਅਤੇ ਵਿਵਿਧਤਾ ਸਾਨੂੰ ਵੱਖਰਾ ਬਣਾਉਂਦੇ ਹਨ। ਨਿਵੇਸ਼ ਨੂੰ ਉਤਸ਼ਾਹਿਤ ਕਰਦੇ ਹੋਏ ਅਤੇ ਆਪਣੀ ਵਿਸ਼ਵ-ਵਿਆਪੀ ਸਫਲਤਾ ਨੂੰ ਅੱਗੇ ਵਧਾਉਂਦੇ ਹੋਏ, ਅਸੀਂ ਕੈਨੇਡਾ ਦੇ ਨਵੀਨਤਾਕਾਰੀ ਸੁਪਰ ਲਾਂਘੇ ਦੇ ਕੇਂਦਰ ਵਿੱਚ ਸਥਿਤ ਹਾਂ। ਅਸੀਂ ਜੋਸ਼ੀਲੇ ਸ਼ਹਿਰੀ ਕੇਂਦਰਾਂ ਦਾ ਨਿਰਮਾਣ ਕਰ ਰਹੇ ਹਾਂ ਜੋ ਮੌਕੇ ਪੈਦਾ ਕਰਦੇ ਹਨ ਅਤੇ ਇੱਥੇ ਰਹਿਣ ਅਤੇ ਕੰਮ ਕਰਨ ਵਾਲੇ ਲੋਕਾਂ ਵਿੱਚ ਮਾਣ ਭਰਦੇ ਹਨ। ਅਜਿਹਾ ਜੁੜਿਆ ਹੋਇਆ ਸ਼ਹਿਰ ਬਣਨ ਲਈ ਬ੍ਰੈਂਪਟਨ ਨੂੰ ਅੱਗੇ ਲਿਜਾ ਰਹੇ ਹਾਂ, ਜੋ ਸਭ ਨੂੰ ਸ਼ਾਮਲ ਕਰਨ ਵਾਲਾ, ਬੇਬਾਕ ਅਤੇ ਨਵੀਨਤਾਕਾਰੀ ਹੋਵੇ। ਸਾਨੂੰ Twitter ਅਤੇ Facebook 'ਤੇ ਫਾਲੋ ਕਰੋ। www.brampton.ca 'ਤੇ ਹੋਰ ਜਾਣੋ।

**ਮੀਡੀਆ ਸੰਪਰਕ**
ਨੈਟਲੀ ਸਟੋਗਡਿਲ (Natalie Stogdill)
ਮੀਡੀਆ ਕੋਆਰਡੀਨੇਟਰ
ਸਿਟੀ ਆਫ ਬ੍ਰੈਂਪਟਨ
905.874.3654 | natalie.stogdill@brampton.ca